NHS Resolution

**ਸਹਾਇਤਾ ਸੰਗਠਨਾਂ ਦੀਆਂ ਉਦਾਹਰਨਾਂ:**

**Bliss** (**ਬਲਿਸ**)
hello@bliss.org.uk
ਇੱਕ ਰਾਸ਼ਟਰੀ ਚੈਰਿਟੀ ਜੋ ਸਮੇਂ ਤੋਂ ਪਹਿਲਾਂ ਪੈਦਾ ਹੋਏ ਜਾਂ ਬਿਮਾਰ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਸਹਾਇਤਾ ਦਿੰਦੀ ਹੈ। ਉਹ ਇੱਕ ਮੁਫ਼ਤ ਫੋਨ ਹੈਲਪਲਾਈਨ ਰਾਹੀਂ ਸਲਾਹ ਅਤੇ ਸਹਾਇਤਾ ਦੀ ਪੇਸ਼ਕਸ਼ ਕਰ ਸਕਦੇ ਹਨ। ਫੋਨ: 020 7378 1122.

**NHS Improving Access to Psychological Therapy** (**ਮਨੋਵਿਗਿਆਨਕ ਥੈਰੇਪੀ ਤੱਕ ਪਹੁੰਚ ਵਿੱਚ ਸੁਧਾਰ ਕਰਨਾ**)
www.england.nhs.uk/mental-health/adults/iapt/
IAPT ਸੇਵਾ ਰਾਹੀਂ ਖੇਤਰੀ ਆਧਾਰ 'ਤੇ ਮਨੋਵਿਗਿਆਨਕ ਥੈਰੇਪੀ ਤੱਕ ਮੁਫ਼ਤ ਪਹੁੰਚ। ਇਸ ਤੱਕ ਸਵੈ-ਰੈਫਰਲ ਵੇਰਵਿਆਂ ਸਮੇਤ, ਲਿੰਕ ਅਤੇ ਤੁਹਾਡੇ ਖੇਤਰ ਵਿੱਚ ਸਥਿਤ ਸੇਵਾਵਾਂ ਦੁਆਰਾ ਪਹੁੰਚ ਕੀਤੀ ਜਾ ਸਕਦੀ ਹੈ।

**Peeps HIE**
www.peeps-hie.org
ਹਾਇਪੌਕਸਿਕ ਇਸਕੇਮਿਕ ਐਨਸੇਫੈਲੋਪੈਥੀ (Hypoxic Ischaemic Encephalopathy ਜਾਂ HIE) ਨਾਲ ਪੈਦਾ ਹੋਏ ਬੱਚਿਆਂ ਤੋਂ ਪ੍ਰਭਾਵਿਤ ਪਰਿਵਾਰਾਂ ਨੂੰ ਸਹਾਇਤਾ। ਫੋਨ: 0800 987 5422.

**Sands (ਸੈਂਡਸ)**
www.sands.org.uk
ਇੱਕ ਚੈਰਿਟੀ, ਜੋ ਬੱਚੇ ਦੀ ਮੌਤ ਤੋਂ ਪ੍ਰਭਾਵਿਤ ਕਿਸੇ ਵੀ ਵਿਅਕਤੀ ਨੂੰ ਸਹਾਇਤਾ ਪ੍ਰਦਾਨ ਕਰਨ ਅਤੇ ਸੋਗਗ੍ਰਸਤ ਮਾਪਿਆਂ ਨੂੰ ਮਿਲਣ ਵਾਲੀ ਦੇਖਭਾਲ ਨੂੰ ਬਿਹਤਰ ਬਣਾਉਣ ਲਈ ਸਥਾਪਿਤ ਕੀਤੀ ਗਈ ਹੈ।

**The Samaritans (ਸਮਾਰੀਟਨਜ਼)**
www.samaritans.org
ਸਾਲ ਵਿੱਚ 365 ਦਿਨ ਮੁਫ਼ਤ 24-ਘੰਟੇ ਸੁਣਨ ਅਤੇ ਸਲਾਹ ਦੇਣ ਵਾਲੀ ਸੇਵਾ। ਯੂਕੇ ਅਤੇ ਰਿਪਬਲਿਕ ਆਫ਼ ਆਇਰਲੈਂਡ ਤੋਂ ਕਿਸੇ ਵੀ ਸਮੇਂ ਕਿਸੇ ਵੀ ਫ਼ੋਨ ਤੋਂ 116 123 'ਤੇ ਕਾਲ ਕਰਕੇ ਉਹਨਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**ਸੁਤੰਤਰ ਜਾਣਕਾਰੀ, ਸਲਾਹ ਅਤੇ ਸਹਾਇਤਾ ਮੁਹੱਈਆ ਕਰਨ ਵਾਲੀਆਂ ਸੰਸਥਾਵਾਂ:**

**Action against Medical Accidents (AvMA)** (**ਮੈਡੀਕਲ ਹਾਦਸਿਆਂ ਵਿਰੁੱਧ ਕਾਰਵਾਈ**)
www.avma.org.uk
AvMA ਇੱਕ ਸੁਤੰਤਰ ਚੈਰਿਟੀ ਹੈ ਜੋ ਘਟੀਆ ਸਿਹਤ ਸੰਭਾਲ ਤੋਂ ਪ੍ਰਭਾਵਿਤ ਲੋਕਾਂ ਨੂੰ ਮੁਫ਼ਤ ਸਲਾਹ, ਜਾਣਕਾਰੀ ਅਤੇ ਸਹਾਇਤਾ ਮੁਹੱਈਆ ਕਰਦੀ ਹੈ, ਉਹ ਤੁਹਾਨੂੰ ਅਜਿਹੇ ਵਕੀਲਾਂ ਕੋਲ ਭੇਜ ਸਕਦੇ ਹਨ ਜੋ ਇਸ ਕੰਮ ਵਿੱਚ ਮਾਹਰ ਹਨ ਅਤੇ ਜੋ ਉਹਨਾਂ ਦੁਆਰਾ ਮਾਨਤਾ ਪ੍ਰਾਪਤ ਹਨ। AvMA MNSI ਮੈਟਰਨਿਟੀ ਜਾਂਚਾਂ, ਸ਼ੁਰੂਆਤੀ ਸੂਚਨਾ ਯੋਜਨਾ ਅਤੇ ਹੋਰ ਪ੍ਰਕਿਰਿਆਵਾਂ 'ਤੇ ਪਰਿਵਾਰਾਂ ਨੂੰ ਸਲਾਹ ਅਤੇ ਸਹਾਇਤਾ ਦੇ ਸਕਦੀ ਹੈ। AvMA ਦੀ ਟੈਲੀਫੋਨ ਹੈਲਪਲਾਈਨ ਵੀ ਮੁਫ਼ਤ ਸਲਾਹ ਦਿੰਦੀ ਹੈ ਅਤੇ ਇਸ ਨੂੰ ਪੇਸ਼ੇਵਰ ਵਲੰਟੀਅਰਾਂ ਦੁਆਰਾ ਚਲਾਇਆ ਜਾਂਦਾ ਹੈ। ਹੈਲਪਲਾਈਨ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 10 ਵਜੇ ਤੋਂ ਦੁਪਹਿਰ 3.30 ਵਜੇ ਤੱਕ ਖੁੱਲ੍ਹੀ ਰਹਿੰਦੀ ਹੈ। ਫੋਨ: 0345 123 23 52.

**Law Society** (**ਲਾਅ ਸੋਸਾਇਟੀ**)
www.lawsociety.org.uk
ਅਜਿਹੀ ਸੰਸਥਾ ਜੋ ਇਸ ਬਾਰੇ ਵੇਰਵੇ ਦੇ ਸਕਦੀ ਹੈ ਕਿ ਸੁਤੰਤਰ ਕਾਨੂੰਨੀ ਸਲਾਹ ਪ੍ਰਾਪਤ ਕਰਨ ਲਈ ਕਿਸੇ ਮਾਹਰ ਕਲੀਨਿਕਲ ਲਾਪਰਵਾਹੀ ਵਕੀਲ ਨਾਲ ਕਿਵੇਂ ਸੰਪਰਕ ਕਰਨਾ ਹੈ।

**Citizens Advice Bureau** (**ਸਿਟੀਜ਼ਨਸ ਐਡਵਾਈਜ਼ ਬਿਊਰੋ**)
www.citizensadvice.org.uk
ਕਿਸੇ ਵਲੰਟੀਅਰ ਦੁਆਰਾ ਮੁਫ਼ਤ ਸਲਾਹ ਜੋ ਤੁਹਾਡਾ ਕਿਸੇ ਕਾਨੂੰਨੀ ਸਲਾਹਕਾਰ ਨਾਲ ਸੰਪਰਕ ਕਰਾ ਸਕਦਾ ਹੈ।